CS (MAIN) EXAM, 2010

Serial No. 479

A–DTN–K–JM–16

# PUNJABI

## (Compulsory)

*Time Allowed : Three Hours* | *Maximum Marks : 300*

## INSTRUCTIONS

*Candidates should attempt **ALL** questions.*

*The number of marks carried by each question is indicated at the end of the question.*

*Answer must be written in **Punjabi** (Gurmukhi Script) unless otherwise directed.*

*In the case of Question No. 3, marks will be deducted if the précis is much longer or shorter than the prescribed length.*

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ 300 ਸ਼ਬਦਾਂ ਦਾ ਨਿਬੰਧ ਲਿਖੋ :— 100

   (ੳ) ਕੀ ਕਨੂੰਨ 'ਮਾਣ-ਹਾਨੀ ਹੱਤਿਆਵਾਂ' ਰੋਕ ਸਕਦਾ ਹੈ ?

   (ਅ) ਅਸ਼ੁਧ ਆਹਾਰ ਦਾ ਖਤਰਾ।

   (ੲ) ਅੰਧ-ਵਿਸ਼ਵਾਸ ਬਨਾਮ ਵਿਵੇਕ-ਸ਼ਕਤੀ।

   (ਸ) ਸਿੱਖਿਆ ਅਤੇ ਸਮਾਜਿਕ ਪਰਿਵਰਤਨ।

   (ਹ) ਕੀ ਸੂਚਨਾ ਦਾ ਅਧਿਕਾਰ ਅਧਿਨਿਯਮ ਸਵੱਛ ਅਤੇ ਨਿਆਂਪੂਰ ਪ੍ਰਬੰਧ ਸੁਨਿਸ਼ਚਿਤ ਕਰ ਸਕਦਾ ਹੈ ?

2. ਹੇਠ ਲਿਖੇ ਪੈਰਿਆਂ ਨੂੰ ਧਿਆਨ ਨਾਲ ਪੜ੍ਹੋ ਅਤੇ ਅੰਤ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਸਪਸ਼ਟ, ਸਹੀ ਅਤੇ ਸੰਖੇਪ ਭਾਸ਼ਾ ਵਿਚ ਦਿਓ :— 6×10=60

ਸੂਰਜੀ ਊਰਜਾ, ਜੋ ਸਮੁੱਚੀ ਊਰਜਾ-ਛਤਰੀ ਦੇ ਪੁਨਰ-ਉਥਾਨ ਦਾ ਹਿੱਸਾ ਹੈ, ਪੁਰਾਣੇ ਬਾਲਣ-ਵਸੀਲਿਆਂ ਉਤੇ ਸਾਡੀ ਮੁਥਾਜੀ ਘਟ ਕਰਨ ਦਾ ਇਕੋ ਇਕ ਰਸਤਾ ਹੈ। ਇਹ ਵਸੀਲੇ ਪਿਛਲੇ ਕੁਝ ਸਮੇਂ ਤੋਂ ਵਧੇਰੇ ਮਹਿੰਗੇ ਅਤੇ ਵਿਰਲੇ ਹੁੰਦੇ ਜਾ ਰਹੇ ਹਨ। ਸੂਰਜੀ ਊਰਜਾ ਦਾ ਪ੍ਰਯੋਗ ਸਾਡੇ ਪ੍ਰਿਥਵੀ-ਗ੍ਰਹਿ ਦੇ ਪਰਿਆਵਰਨਕ ਸੰਤੁਲਨ ਅਤੇ 'ਗ੍ਰੀਨ-ਹਾਊਸ' ਪ੍ਰਭਾਵ ਨੂੰ ਮਾਂਦਾ ਪਾਉਣ ਦੀ ਇਕੋ ਇਕ ਕੁੰਜੀ ਹੈ। ਸੂਰਜੀ ਊਰਜਾ ਦੇ ਉਪਯੋਗੀ ਗੁਣਾਂ ਦੇ ਬਾਵਜੂਦ ਅਜੇ ਤਕ ਨਾ ਤਾਂ ਇਸ ਦੀ ਵਿਆਪਕ ਵਰਤੋਂ ਕੀਤੀ ਜਾ ਰਹੀ ਹੈ ਅਤੇ ਨਾ ਹੀ ਪੁਰਾਣੇ ਬਾਲਣ ਦੇ ਇਵਜ਼ ਵਿਚ ਇਸ ਨੂੰ ਸਵੀਕਾਰ ਕੀਤਾ ਜਾ ਰਿਹਾ ਹੈ। ਇਹ ਇਸ ਲਈ ਕਿ ਇਸਦੀ ਟੈਕਨਾਲੋਜੀ ਵਧੇਰੇ ਮਹਿੰਗੀ ਹੈ। ਫਿਰ ਵੀ ਇਸ ਦੀ ਟੈਕਨਾਲੋਜੀ ਵਿਚ ਹਰ ਵਰ੍ਹੇ ਇਤਿਹਾਸਕ ਸੁਧਾਰ ਕੀਤੇ ਜਾ ਰਹੇ ਹਨ ਜੋ ਇਸ ਦੀ ਕੀਮਤ ਵਿਚ ਕਮੀ ਲਿਆ ਰਹੇ ਹਨ ਅਤੇ ਨਿਸ਼ਚਿਤ ਰੂਪ ਵਿਚ, ਭਾਵੇਂ ਧੀਮੀ ਗਤੀ ਨਾਲ ਹੀ ਸਹੀ, ਇਸ ਨੂੰ ਇਕ ਵਿਹਾਰਕ ਵਿਕਲਪ ਬਣਾ ਰਹੇ ਹਨ। ਸਰਕਾਰ ਵਲੋਂ ਅਰੰਭਿਆ 'ਜਵਾਹਰ ਲਾਲ ਨਹਿਰੂ ਨੈਸ਼ਨਲ ਸੋਲਰ ਮਿਸ਼ਨ' ਇਸ ਦਿਸ਼ਾ ਵਿਚ ਦੀਰਘਕਾਲੀ ਅਤੇ ਊਰਜਾ ਦੇ ਸਵੱਛ ਸਰੋਤ ਦੀ ਪ੍ਰਾਪਤੀ ਦਾ ਇਕ ਦੂਰ-ਦ੍ਰਿਸ਼ਟੀ ਵਾਲਾ ਕਦਮ ਹੈ।

ਸੋ ਸੂਰਜੀ ਊਰਜਾ ਖੇਤਰ ਰੁਜ਼ਗਾਰ ਪੈਦਾ ਕਰਨ ਲਈ ਵਚਨ ਬਧ ਜਾਪਦਾ ਹੈ। ਇਹ ਖੇਤਰ ਖੋਜ ਅਤੇ ਟੈਕਨਾਲੋਜੀ ਦੇ ਨਵੀਨੀਕਰਣ ਵਿਚ ਭਾਰੀ ਰਕਮ ਲਗਾਉਂਦਾ ਅਤੇ ਰੋਜ਼ਗਾਰ ਦੀ ਦਿਸ਼ਾ ਵਿਚ ਬਹੁਤ ਉੱਚ ਦਰਜੇ ਦੀਆਂ ਮੁਹਾਰਤ-ਹਾਸਲ ਵਧੀਆ ਨੌਕਰੀਆਂ ਪੈਦਾ ਕਰਦਾ ਹੈ।

ਭਾਵੇਂ ਬਿਜਲੀ ਉਤਪਾਦਨ ਵਿਚ ਭਾਰਤ ਵਿਸ਼ਵ ਵਿਚ ਛੇਵੇਂ ਦਰਜੇ ਉਤੇ ਹੈ ਤਾਂ ਵੀ ਭਾਰਤ ਵਿਚ ਅਜੇ ਵੀ ਅਤਿ ਦਾ ਬਿਜਲੀ ਸੰਕਟ ਹੈ। ਸੂਰਜੀ ਊਰਜਾ ਹੀ ਇਸ ਬਿਜਲੀ ਸੰਕਟ ਨੂੰ ਘਟਾ ਸਕਦੀ



(Contd.)

ਹੈ। ਇਹ ਸੰਪੂਰਨ ਪਰਿਆਵਰਨਕ-ਪ੍ਰਬੰਧ ਦਾ ਗਠਨ ਕਰੇਗੀ ਅਤੇ ਊਰਜਾ ਉਤਪਾਦਨ ਦੇ ਖੇਤਰ ਵਿਚ ਮੰਗ ਨੂੰ ਉਤਸ਼ਾਹਿਤ ਕਰੇਗੀ। ਅੱਜ ਸਭ ਤੋਂ ਵਧ ਮੰਗ ਮਸ਼ੀਨਾਂ ਲਾਉਣ ਅਤੇ ਨਿਰਮਾਣ-ਪ੍ਰਬੰਧ ਦੀ ਰੂਪ-ਰੇਖਾ ਤਿਆਰ ਕਰਨ ਵਾਲੀਆਂ ਪਦਵੀਆਂ ਦੀ ਹੈ। ਇਸ ਉਦਯੋਗ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਸੂਰਜੀ ਊਰਜਾ ਦੀ ਲਾਗਤ ਘਟਾਉਣ ਲਈ ਕਾਬਲੀਅਤ ਵਿਚ ਸੁਧਾਰ ਕੀਤਾ ਜਾਵੇ ਤੇ ਉਤਪਾਦਨ-ਕੀਮਤਾਂ ਵਿਚ ਕਮੀ ਕਰਕੇ ਸਿਲਸਿਲੇਵਾਰ ਕੀਮਤਾਂ ਦੇ ਸੰਤੁਲਨ ਨਾਲ ਕੀਮਤਾਂ ਘਟਾਈਆਂ ਜਾਣ।

(1) ਸਾਨੂੰ ਪੁਰਾਣੇ ਬਾਲਣ ਉਤੇ ਆਪਣੀ ਨਿਰਭਰਤਾ ਕਿਉਂ ਘਟਾਉਣੀ ਚਾਹੀਦੀ ਹੈ ?

(2) ਸੂਰਜੀ ਊਰਜਾ ਦੀ ਵਰਤੋਂ ਦੇ ਕੀ ਲਾਭ ਹਨ ?

(3) ਸੂਰਜੀ ਊਰਜਾ ਦੀ ਵਰਤੋਂ ਹੁਣ ਤਕ ਹਰਮਨ ਪਿਆਰੀ ਕਿਉਂ ਨਹੀਂ ਕੀਤੀ ਗਈ ?

(4) ਸੂਰਜੀ ਊਰਜਾ ਨੂੰ ਆਮ ਲੋਕਾਂ ਤਕ ਪਹੁੰਚਾਣ ਲਈ ਕੀ ਕੀਤਾ ਜਾ ਰਿਹਾ ਹੈ ?

(5) ਨਵ-ਯੁਵਕਾਂ ਲਈ ਉੱਚ-ਦਰਜੇ ਦੀਆਂ ਕੁਸ਼ਲ ਪਦਵੀਆਂ ਸੂਰਜੀ ਊਰਜਾ ਖੇਤਰ ਕਿਵੇਂ ਮੁਹੱਈਆ ਕਰਵਾ ਸਕਦਾ ਹੈ ?

(6) ਸੂਰਜੀ ਊਰਚਾ ਘਟ ਮਹਿੰਗੀ ਕਿਵੇਂ ਕੀਤੀ ਜਾ ਸਕਦੀਆਂ ਹਨ ?

3. ਹੇਠ ਲਿਖੇ ਪੈਰੇ ਦਾ ਸੰਖੇਪ-ਸਾਰ ਮੂਲ ਗੱਦ ਟੁਕੜਿਆਂ ਦੀ ਸ਼ਬਦ-ਸੰਖਿਆ ਦੇ ਇਕ ਤਿਹਾਈ ਰੂਪ ਵਿਚ ਪੇਸ਼ ਕਰੋ। ਸਿਰਲੇਖ ਸੁਝਾਉਣਾ ਜ਼ਰੂਰੀ ਨਹੀਂ। ਸ਼ਬਦ-ਸੀਮਾਂ ਦੇ ਅੰਤਰਗਤ ਸੰਖੇਪ ਸਾਰ ਨਾ ਲਿਖਣ ਉਤੇ ਅੰਕ ਕੱਟੇ ਜਾਣਗੇ। ਸੰਖੇਪ-ਸਾਰ ਵੱਖਰੀਆਂ ਦਿੱਤੀਆਂ ਗਈਆਂ ਸ਼ੀਟਾਂ ਉਤੇ ਹੀ ਕੀਤਾ ਜਾਵੇ ਅਤੇ ਉਹਨਾਂ ਸ਼ੀਟਾਂ ਨੂੰ ਉੱਤਰ-ਕਾਪੀ ਦੇ ਅੰਦਰਵਾਰ ਚੰਗੀ ਤਰ੍ਹਾਂ ਨੱਥੀ ਕੀਤਾ ਜਾਵੇ :— 60

ਜੇਕਰ ਕਲਾ ਨੇ ਹਰੇਕ ਯੁੱਗ-ਵਿਸ਼ੇਸ਼ ਨੂੰ ਅਭਿਵਿਅਕਤ ਕਰਨਾ ਹੈ ਤਾਂ ਅਵਸ਼ ਹੀ ਉਸ ਨੂੰ ਬੀਤੇ ਯੁੱਗ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਥੋਥੇ ਕਾਲਪਨਿਕ ਅਤੇ ਮਾਨਸਿਕ ਢਾਂਚੇ ਨੂੰ ਝਟਕਨਾ ਪਵੇਗਾ।

ਜੀਵਨ ਨਿਰੰਤਰ ਪ੍ਰਵਾਹਮਾਨ ਹੈ। ਉਸ ਦੀ ਗਤੀ ਕ੍ਰਾਂਤੀ ਦੇ ਦੌਰਾਨ ਵਧੇਰੇ ਵੇਗਵਾਨ ਹੁੰਦੀ ਹੈ ਜਦੋਂ ਪਰਿਵਰਤਨ ਤਿੱਖਾ ਤੇ ਬੁਨਿਆਦੀ ਹੁੰਦਾ ਹੈ। ਅਜਿਹੇ ਦੌਰ ਵਿਚ ਸਮਾਜਿਕ ਜ਼ਰੂਰਤ ਅਗਾਂਹਵਧੂ ਸਾਂਸਕ੍ਰਿਤਕ ਪ੍ਰਵਿਰਤੀਆਂ ਨੂੰ ਧਕੇਲਦੀ ਹੈ ਜੋ ਪੁਰਾਣੀਆਂ ਜੜ੍ਹਾਂ ਦੀ ਪਕੜ ਢਿੱਲੀ ਕਰਕੇ ਘਿੱਸੇ-ਪਿੱਟੇ ਆਦਰਸ਼ਾਂ ਅਤੇ ਪੈਦਾ ਹੋਣ ਵਾਲੇ ਸੰਘਰਸ਼ਾਂ ਵਿਚ ਦਵੰਧ ਰਚਦੀ ਹੈ। ਪੁਰਾਣੀ ਸੰਸਕ੍ਰਿਤੀ ਦੇ ਪਿੱਛਲਗ ਪਰਿਵਰਤਨ ਤੋਂ ਡਰ ਕੇ ਸਥਿਤੀ ਨੂੰ ਜਿਉਂ ਦਾ ਤਿਉਂ ਬਣਾਈ ਰਖਣ ਲਈ ਜੀ ਤੋੜ ਕੋਸ਼ਿਸ ਕਰਦੇ ਹਨ, ਉਹ ਖੁਦ ਨੂੰ ਨੈਤਿਕ ਕਦਰਾਂ-ਕੀਮਤਾਂ ਅਤੇ ਤਹਿਜ਼ੀਬ ਦੇ ਰਾਖੇ ਐਲਾਨਦੇ ਹਨ ਅਤੇ ਉਠਣ ਵਾਲੀ ਹਰ ਨਵੀਂ ਲਹਿਰ ਨੂੰ ਟਾਲਦੇ ਰਹਿੰਦੇ ਹਨ ਜਦੋਂ ਕਿ ਤਬਦੀਲੀ ਦੇ ਹਮਾਇਤੀ ਪੁਰਾਣੇ ਨੇਮਾਂ ਅਤੇ ਪੈਮਾਨਿਆਂ ਦੀ ਅਵੱਗਿਆ ਕਰਦੇ ਹਨ। ਸਮਾਜਿਕ ਪਰਿਵਰਤਨ ਦੇ ਹਰ ਪੜਾਅ ਨੂੰ ਇਕ ਸਭਿਆਚਾਰਕ ਢਾਂਚੇ ਦੀ ਲੋੜ ਹੁੰਦੀ ਹੈ ਜੋ ਆਪਣੀਆਂ ਜ਼ਰੂਰਤਾਂ ਦਰਸਾ ਸਕੇ ਜਿਵੇਂ ਕਿ ਪੁਰਾਣੇ ਸਮੇਂ ਨੇ ਜੋ ਆਪਣੇ ਵੇਲੇ ਘੜਿਆ ਸੀ, ਉਹ ਨਵੀਂ ਸ਼ਕਤੀ, ਨਵੀਂ ਤਕਨੀਕ ਦਾ ਪ੍ਰਯੋਗ ਕਰਕੇ ਆਪਣੀ ਸਮੱਗਰੀ ਦੀਆਂ ਨਵੀਆਂ ਧਾਰਨਾਵਾਂ ਨਹੀਂ ਦਰਸਾ ਸਕਦਾ। ਇਸ ਸੰਘਰਸ਼ ਵਿਚ ਪੁਰਾਣੀ ਸੰਸਕ੍ਰਿਤੀ ਦੇ ਸਮਰਥਕ ਅਸਭਿਅਕ ਅਤੇ ਕਈ ਵਾਰੀ ਵਹਿਸ਼ੀ ਢੰਗ ਅਪਣਾਉਂਦੇ ਹਨ ਜਿਹਨਾਂ ਨੂੰ ਇਕ ਸਮੇਂ ਉਹਨਾਂ ਨੇ ਖੁਦ ਭੰਡਿਆ ਸੀ। ਜਦੋਂ ਕੋਈ ਸ਼ਕਤੀ ਪ੍ਰਗਤੀਸ਼ੀਲ ਨਾ ਰਹਿ ਸਕੇ, ਉਹ ਦਮਨਕਾਰੀ ਹੋ ਜਾਂਦੀ ਹੈ। ਨਵਾਂ ਸਮਾਜ ਹੀ ਕਲਾਕਾਰ ਨੂੰ ਉਸ ਦੇ ਸਮੁੱਚੇ ਵਿਕਾਸ ਲਈ ਸੰਸਕ੍ਰਿਤੀ ਅਤੇ ਵਿਗਿਆਨ ਦੀ ਹਰ ਸ਼ਾਖਾ ਵਿਚ ਅਵਸਰ ਪ੍ਰਦਾਨ ਕਰ ਸਕਦਾ ਹੈ।

ਅੱਜ ਖੇਰੂੰ ਖੇਰੂੰ ਸਮਾਜਿਕ ਢਾਂਚੇ ਕਰਕੇ ਜੀਵਨ-ਸੰਗਠਨ ਟੁੱਟ ਚੁੱਕਾ ਹੈ, ਇਸ ਦੀ ਹਰ ਟਾਹਣੀ ਦੀ ਗਤੀ ਵਿਧੀ ਇਕ ਦੂਜੇ ਤੋਂ ਨਿਖੜ ਗਈ ਹੈ, ਇਕ ਦਰਸ਼ਨਵੇਤਾ ਸਾਇੰਸਦਾਨ ਤੋਂ, ਕਲਾਕਾਰ ਇੰਜੀਨੀਅਰ ਤੋਂ, ਸਾਰੇ ਇਕ ਦੂਜੇ ਤੋਂ ਨਿਖੜ ਕੇ ਧੜਕਦੇ ਜੀਵਨ-ਸਮੁੱਚ ਦੇ ਮਹਾਨ ਤਾਣੇ ਪੇਟੇ ਤੋਂ ਟੁੱਟ ਗਏ ਹਨ ਜਿਸ ਵਿਚ ਹਰ ਕੋਈ ਸੰਤੁਲਨ, ਸੁੰਦਰਤਾ ਅਤੇ ਪੂਰਨਤਾ ਦੀਆਂ ਤੰਦਾਂ ਜੋੜਨ ਵਾਲਾ ਅਤਿ ਲੋੜੀਂਦਾ ਕਾਰਕ



(Contd.)

ਹੈ। ਉਦਾਹਰਣ ਵਜੋਂ ਅੱਜ ਤਾਂ ਮਸ਼ੀਨੀ ਯੰਤਰ ਵੀ ਨਿਰੇਪੁਰੇ ਨਿਰਜਿੰਦ ਨਹੀਂ ਮੰਨੇ ਜਾਂਦੇ ਜੋ ਰੇਖਾ-ਗਣਿਤ ਦੇ ਲਕੀਰੀ ਖ਼ਾਕੇ, ਹਵਾ ਤੇ ਧੂੰਏ ਨਾਲ ਭਰੇ ਜੜ੍ਹ ਅਤੇ ਆਵੇ ਗਹੀਨ ਜਨਕ ਹੋਣ, ਉਹਨਾਂ ਨੂੰ ਵੀ ਸਮਾਨ ਰੂਪ ਵਿਚ ਧਰਤੀ ਹੇਠਲੀਆਂ ਅਤੇ ਉਤਲੀਆਂ ਅਸਮਾਨੀ ਅਗਾਧ ਹਸਤੀਆਂ ਜਿਹਾ ਹੀ ਸਵੀਕਾਰ ਕੀਤਾ ਜਾਂਦਾ ਹੈ ਜਿਸ ਤਰ੍ਹਾਂ ਕਿ ਨਾਇਕਤਵ ਅਤੇ ਜੀਵੰਤਤਾ ਨਾਲ ਭਰੀਆਂ ਪੁਰਾਤਨ ਬਿਰਤਾਂਤ ਕਥਾਵਾਂ ਵਿਚ ਸੀ। ਮਸ਼ੀਨਾਂ ਅੱਜ ਮਨੁੱਖੀ ਅੰਗਾਂ ਦਾ ਵਿਸਤਾਰ ਬਣ ਗਈਆਂ ਹਨ। ਉਹ ਦਸ ਦੀਆਂ ਹਨ ਕਿ ਮਨੁੱਖ ਨੇ ਕੁਦਰਤੀ ਤਾਕਤਾਂ ਨੂੰ ਕਿਵੇਂ ਕਾਬੂ ਕਰ ਲਿਆ ਹੈ, ਇਹ ਤੱਤਾਂ ਉਤੇ ਉਸਦੀ ਵਿਜੈ-ਗਾਥਾ ਹਨ। ਇਹ ਲੜਾਈ ਮਨੁੱਖ ਜਿਤਨੀ ਹੀ ਪੁਰਾਣੀ ਹੈ। ਇਹ ਸੰਘਰਸ਼ ਸੁੰਦਰਤਾ, ਸੰਗੀਤ, ਲੈਅ ਅਤੇ ਰੰਗਾਂ ਨਾਲ ਭਰਪੂਰ ਹੈ।

ਜੇ ਮਨੁੱਖ ਨੇ ਆਪਣੀ ਕੰਮਜ਼ੋਰੀ ਕਰਕੇ ਮਸ਼ੀਨ ਨੂੰ ਆਪਣਾ ਮਾਲਕ ਬਣਨ ਦਿੱਤਾ ਹੈ ਇਸ ਵਿਚ ਮਸ਼ੀਨ ਦਾ ਦੋਸ਼ ਨਹੀਂ ਜਿਸ ਨੂੰ ਮਨੁੱਖ ਨੇ ਖ਼ੁਦ ਸਿਰਜਿਆ ਹੈ, ਮਨੁੱਖ ਹੀ ਸਿਰਜਕ ਹੈ ਤੇ ਉਹ ਹੀ ਨਸ਼ਟ ਕਰਦਾ ਹੈ। ਤ੍ਰਿਸਕਾਰ ਦੀ ਇਹ ਭੁੱਖ ਅਕਸਰ ਮਨੁੱਖ ਨੂੰ ਗ੍ਰਸ ਲੈਂਦੀ ਹੈ। ਰੇਡੀਓ ਕੇਵਲ ਮਨੁੱਖ ਦੇ ਫੇਫੜਿਆਂ ਦਾ ਹੀ ਧੁਨੀ-ਵਿਸਤਾਰ ਹੈ, ਟੈਲੀਫੋਨ ਉਸ ਦੇ ਕੰਨਾਂ ਦਾ। ਹਵਾਈ ਜਹਾਜ਼ ਨੂੰ ਵੇਖ ਤਿਊੜੀ ਵੱਟਣਾ ਅਤੇ ਖੜ-ਖੜ ਕਰਦੇ ਪੇਂਡੂ ਗੱਡੇ ਦੇ ਸੋਹਲੇ ਗਾਉਣਾ ਤਾਂ ਕਾਵਿਕ ਨਿਆਂ ਨਹੀਂ। ਇਹ ਕੇਵਲ ਦਕਿਆਨੂਸੀ ਸੰਪਰਦਾਇਕਤਾ ਹੈ। ਜਿਵੇਂ ਅੱਜ ਟਰੈਕਟਰ ਹੈ ਹਲ ਵੀ ਕਿਸੇ ਵੇਲੇ ਨਵੀਂ ਨਕੋਰ ਕਾਢ ਸੀ। ਮਨੁੱਖ ਅੰਦਰ ਨਵੇਂ ਸੰਦ ਘੜਨ ਦੀ ਅਖੁੱਟ ਪ੍ਰਤਿਭਾ ਹੈ, ਉਸ ਤੋਂ ਘੇਸ ਵੱਟਣਾ ਸਮਾਜਿਕ ਪਰਿਵਰਤਨ ਦੇ ਨੇਮਾਂ ਵਲੋਂ ਮੂੰਹ ਫੇਰਨਾ ਹੈ ਅਤੇ ਕੋਈ ਸੱਚਾ ਕਲਾਕਾਰ ਅਜਿਹੀ ਉਲੰਘਣਾ ਦੇ ਸਮਰਥ ਨਹੀਂ। "ਇਕ ਕਲਾਕਾਰ ਜੈਵਿਕ ਧਰਮ ਵਾਂਗ ਹੀ ਉਤਪਾਦਨ ਕਰਦਾ ਹੈ"। ਮੈਕਸੀਕੋ ਦੀ ਮਹਾਨ ਕਲਾਕਾਰ ਰਿਵੇਰਾ ਡੀਗੋ ਦਾ ਕਥਨ ਹੈ, "ਜਿਵੇਂ ਇਕ ਰੁੱਖ ਨੂੰ ਫਲ ਅਤੇ ਪੱਤੇ ਲਗਦੇ ਹਨ ਪਰ ਹਰ ਸਾਲ ਉਹਨਾਂ ਦੇ ਝੜਨ ਦਾ ਸੋਗ ਨਹੀਂ ਮਨਾਉਂਦਾ, ਜਾਣਦੇ ਹੋਏ ਕਿ ਨਵੇਂ ਮੌਸਮ ਵਿਚ ਫੇਰ ਫੁਲੇ ਫਲੇਗਾ"। ਕਲਾ ਵੀ ਕੇਵਲ 'ਕੀ ਹੈ' ਨੂੰ ਨਾ ਦਰਸਾਵੇ ਸਗੋਂ 'ਕੀ ਹੋ ਸਕਦਾ ਹੈ' ਨਾ ਕਿ



(Contd.)

ਔਸਤਨ ਪੇਤਲੀਆਂ ਜਿਹੀਆਂ ਬਲਕਿ ਸੰਘਣੀਆਂ ਤਾਂਘਾਂ, ਢਹਿੰਦੀਆਂ ਹਾਰਾਂ ਨਹੀਂ ਸਗੋਂ ਕਾਇਆ ਕਲਪ ਕਰਨ ਵਾਲੀਆਂ ਸੰਭਾਵਨਾਵਾਂ ਪ੍ਰਗਟਾਵੇ।

4. ਹੇਠ ਲਿਖੇ ਗੱਦ-ਟੁਕੜਿਆਂ ਦਾ ਪੰਜਾਬੀ ਵਿਚ ਅਨੁਵਾਦ ਕਰੋ :— 20

The world does not need extraordinarily talented people. It does not need highly skilled people either. It has plenty of super-intelligent people. We need ordinary people with extraordinary motivation. M.K. Gandhi was an ordinary man with amazing motivation to establish truth and justice. The Wright brothers were ordinary people with a dream of flying.

You can also achieve exceptional results if you are inspired with a higher ideal. Replacing 'inspiration' with 'information' has led to knowledge being viewed as drudgery rather than as pleasure. Education has degenerated to data being transmitted from teacher to the taught without igniting the minds of the young with a higher purpose.

How many of us wakeup inspired, looking forward to a day of service ? Who among us finds exhilaration in contributing to society ? Life changes magically from boredom to excitement when you are inspired to serve. You redefine norms and achieve the impossible, paving the way to outstanding success. You find happiness at work, not in escaping from it. Most importantly, you evolve spiritually and attain Godhood.

Inspiration gives ordinary people the courage and hope to make life better for themselves and for the posterity. Find inspiration and life will transform into an exciting adventure of self-discovery.

5. ਹੇਠ ਲਿਖੇ ਪੈਰਿਆਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੋ :— 20

ਅੱਜ ਸਾਇੰਸ ਦੀਆਂ ਸਮਾਜਿਕ ਜ਼ਿਮੇਵਾਰੀਆਂ ਬਾਰੇ ਗੱਲ ਕਰਨ ਲਗਿਆਂ ਮੈਂ ਉਹਨਾਂ ਤੱਥਾਂ ਬਾਰੇ ਬੋਲਾਂਗਾ ਜੋ ਮੁਕਾਬਲੇ ਵਿਚ ਯੁਵਕਾਂ ਲਈ ਤਾਂ ਆਸਾਨ ਹਨ ਪਰ ਬਜ਼ੁਰਗਾਂ ਵਾਸਤੇ ਸਮਝਣੇ ਔਖੇ ਹਨ.। ਇਹ ਇਸ ਲਈ ਕਿਉਂ ਕਿ ਨੌਜਵਾਨ ਇਕ ਅਜਿਹੇ ਗੁਣ ਨਾਲ ਸੰਪੰਨ ਹਨ ਜੋ ਆਮ ਕਰਕੇ ਵਰ੍ਹਿਆਂ ਨਾਲ ਸਿੱਥਲ ਹੋ ਜਾਂਦਾ ਹੈ : ਕਲਪਨਾ ਸ਼ਕਤੀ ਦਾ ਗੁਣ। ਕਲਪਨਾਸ਼ੀਲਤਾ ਅਜਿਹਾ ਗੁਣ ਹੈ ਜੋ ਸਾਇੰਸ ਦਾ ਅਭਿੰਨ ਅੰਗ ਹੈ ਅਤੇ ਨੌਜਵਾਨ ਕੁਦਰਤ ਵਲੋਂ ਹੀ ਵਰੋਸਾਏ ਹੋਏ ਹਨ। ਦੁੱਖ ਦੀ ਗੱਲ ਇਹ ਹੈ ਕਿ ਵਡੇਰੀ ਉਮਰ ਨਾਲ ਇਸ ਗੁਣ ਦੇ ਸਰੋਤ ਸੁਕ ਜਾਂਦੇ ਹਨ। ਫਿਰ ਵੀ ਇਹ ਅਜਿਹਾ ਗੁਣ ਹੈ ਜਿਸ ਦੀ ਸਾਡੇ ਦੁੱਖੀ ਜਗਤ ਨੂੰ ਅੱਜ ਬਹੁਤ ਮਾਤਰਾ ਵਿਚ ਲੋੜ ਹੈ।

ਪਿੱਛਲੀਆਂ ਤਿੰਨ ਸਦੀਆਂ ਤੋਂ ਸਾਇੰਸ ਦੀਆਂ ਕਾਢਾਂ ਨੇ ਸਾਡੇ ਸਮਾਜ ਉਤੇ ਵਿਸ਼ੇਸ਼ ਪ੍ਰਭਾਵ ਛਡਿਆ ਹੈ ਪਰ ਸਮੁੱਚੇ ਰੂਪ ਵਿਚ ਲੋਕਾਂ ਨੇ ਨਹੀਂ ਸਮਝਿਆ ਕਿ ਸਾਡੇ ਸੰਸਾਰ ਨੂੰ ਸਾਇੰਸ ਨੇ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਉਹਨਾਂ ਨੇ ਇਸ ਦੀ ਪ੍ਰਵਾਹ ਨਹੀਂ ਕੀਤੀ। ਨਿਊਟਨ ਦੇ ਸਮੇਂ ਤੋਂ ਹੀ ਮਨੁੱਖ ਨੂੰ ਬੋਧ ਹੋ ਗਿਆ ਸੀ ਕਿ ਟੈਕਨਾਲੋਜੀ, ਜੋ ਕਿ ਸਾਇੰਸ ਦੀ ਖੋਜ ਉਤੇ ਹੀ ਆਧਾਰਿਤ ਹੈ, ਤੋਂ ਬਹੁਤ ਲਾਭ ਅਤੇ ਆਰਾਮ ਲਿਆ ਜਾ ਸਕਦਾ ਹੈ। ਫੇਰ ਲੋਕਾਂ ਨੇ ਜਾਣਨਾ ਆਰੰਭ ਕੀਤਾ ਕਿ ਸਾਇੰਸ ਦੇ ਸੰਜੋਗ ਨਾਲ ਬਣੀਆਂ ਦਵਾਈਆਂ ਰਾਹੀਂ ਲੰਮੀ ਉਮਰ ਭੋਗੀ ਜਾ ਸਕਦੀ ਹੈ।

ਲਿਓਨਾਰਦੋ ਦ ਵਿੰਸੀ ਦੇ ਸਮੇਂ ਤੋਂ ਲੋਕਾਂ ਨੇ ਇਹ ਪ੍ਰਸ਼ੰਸਾ ਤਾਂ ਕੀਤੀ ਕਿ ਸਾਇੰਸ ਯੁੱਧ ਵਿਚ ਜਿੱਤ ਪ੍ਰਾਪਤ ਕਰਨ ਦਾ ਭੌਤਿਕ ਵਸੀਲਾ ਬਣ ਸਕਦੀ ਹੈ। ਜਿਵੇਂ ਜਿਵੇਂ ਵਰ੍ਹੇ ਬੀਤਦੇ ਗਏ ਇਕ ਟੈਕਨਾਲੋਜੀ-ਭੌਤਿਕਵਾਦ ਵਿਕਸਿਤ ਹੋਇਆ; ਨਵੇਂ ਟੈਕਨਾਲੋਜੀ-ਗਿਆਨ ਦੀ ਮੰਗ ਤੇਜ਼ ਤੋਂ ਤੇਜ਼ਤਰ ਹੁੰਦੀ ਗਈ, ਜ਼ਿਆਦਾ ਤੋਂ ਜਿਆਦਾਤਰ, ਲੋਕ ਸਾਇੰਸਦਾਨ ਅਤੇ ਤਕਨੀਕੀ-ਵਿਸ਼ੇਸ਼ਗ ਬਣਨ ਲੱਗੇ।



(Contd.)

6. (ੳ) ਹੇਠ ਲਿਖੇ ਸ਼ਬਦਾਂ ਵਿਚੋਂ ਕੇਵਲ ਪੰਜ ਦੇ ਸ਼ਬਦ-ਜੋੜ ਸ਼ੁਧ ਕਰਕੇ ਲਿਖੋ :— 5×2=10

(i) ਸੁਨਦਰ

(ii) ਪਾਨੀ

(iii) ਹਿਦੁਸਤਾਨ

(iv) ਗਰੀਭ

(v) ਸੁਹਾਘਨ

(vi) ਅਬਿਆਸ

(vii) ਫ਼ਰਿਆਧ

(ਅ) ਹੇਠ ਲਿਖਿਆਂ ਵਿਚੋਂ ਕੇਵਲ ਪੰਜ ਅਖਾਣਾਂ-ਮੁਹਾਵਰਿਆਂ ਦੇ ਅਰਥ ਦਸ ਕੇ ਵਾਕਾਂ ਵਿਚ ਵਰਤੋ :— 5×4=20

(i) ਇਕ ਅੱਖ ਨਾਲ ਵੇਖਣਾ

(ii) ਤਲੀਆਂ ਝੱਸਣੀਆਂ

(iii) ਉਂਗਲਾਂ ਤੇ ਨਚਾਉਣਾ

(iv) ਹੋਛੇ ਜੱਟ ਕਟੋਰਾ ਲੱਭਾ, ਪਾਣੀ ਪੀ-ਪੀ ਆਫ਼ਰਿਆ

(v) ਵਿਹਲੀ ਜੱਟੀ ਉੱਨ ਵੇਲੇ

(vi) ਕਦੇ ਬਾਬੇ ਦੀਆਂ ਕਦੇ ਪੋਤੇ ਦੀਆਂ

(vii) ਰੰਗ ਵਿਚ ਭੰਗ ਪੈਣਾ।

(ੲ) ਹੇਠ ਲਿਖਿਆਂ ਵਿਚੋਂ ਕੇਵਲ ਪੰਜ ਲਈ ਇਕ ਸ਼ਬਦ ਦੀ ਵਰਤੋਂ ਕਰੋ :— 5×2=10

(i) ਜਿਸ ਨੇ ਧਰਮ ਹਿਤ ਜਾਨ ਦਿੱਤੀ ਹੋਵੇ

(ii) ਚਰਖਾ ਕੱਤਣ ਵਾਲੀਆਂ ਕੁੜੀਆਂ ਦਾ ਇਕੱਠ

(iii) ਦਰਿਆ ਦੇ ਵਿਚਕਾਰ ਸੁੱਕੀ ਥਾਂ

(iv) ਪਿੰਡਾਂ ਦੇ ਝਗੜਿਆਂ ਦਾ ਫੈਸਲਾ ਕਰਨ ਵਾਲੀ ਸਭਾ

(v) ਉਹ ਕੁੜੀ ਜਿਸ ਦਾ ਵਿਆਹ ਨਾ ਹੋਇਆ ਹੋਵੇ

(vi) ਤੀਵੀਆਂ ਦੇ ਇਸ਼ਨਾਨ ਲਈ ਬਣਾਈ ਗਈ ਨਵੇਕਲੀ ਥਾਂ

(vii) ਉਹ ਆਦਮੀ ਜਿਸ ਕੋਲ ਕਰਜ਼ਾ ਲਾਹੁਣ ਲਈ ਪੈਸਾ ਨਾ ਹੋਵੇ।